ਮਿੱਠੇ ਬੱਚੇ:- "ਮਿੱਠੇ ਬੱਚੇ :- ਭੋਲੇਨਾਥ ਬਾਬਾ ਆਏ ਹਨ ਭਗਤਾਂ ਨੂੰ ਭਗਤੀ ਦਾ ਫ਼ਲ ਦੇਣ, ਉਹਨਾਂ ਨੂੰ ਅਗਮ - ਨਿਗਮ ਦਾ ਭੇਦ ਸੁਣਾਕੇ ਮੁਕਤੀ - ਜੀਵਨਮੁਕਤੀ ਦਾ ਵਰਸਾ ਦੇਣ"

ਪ੍ਰਸ਼ਨ:- 21 ਜਨਮਾਂ ਦੇ ਲਈ ਰਾਜਾਈ ਪਦਵੀ ਦੀ ਪ੍ਰਾਪਤੀ ਕਿਹੜੇ ਬੱਚਿਆਂ ਨੂੰ ਹੁੰਦੀ ਹੈ? ਪ੍ਰਜਾ ਵਿੱਚ ਕੌਣ ਜਾਂਦੇ ਹਨ?

ਉੱਤਰ:- ਜੋ ਮਾਤੇਲੇ ਬਣ ਬਾਪ ਤੇ ਪੂਰਾ - ਪੂਰਾ ਬਲਿਹਾਰ ਜਾਂਦੇ ਹਨ ਉਹਨਾਂ ਨੂੰ ਰਾਜਾਈ ਪ੍ਰਾਪਤ ਹੁੰਦਾ ਹੈ ਅਤੇ ਜੋ ਸੌਤੇਲੇ ਹਨ, ਬਲਿਹਾਰ ਨਹੀਂ ਜਾਂਦੇ ਹਨ ਉਹ 21 ਜਨਮ ਹੀ ਪ੍ਰਜਾ ਵਿੱਚ ਚਲੇ ਜਾਂਦੇ ਹਨ। ਤੁਸੀਂ ਸ਼੍ਰੀਮਤ ਤੇ ਚਲ ਆਪਣੇ ਹੀ ਯੋਗਬਲ ਨਾਲ ਰਾਜਾਈ ਦਾ ਤਿਲਕ ਲੈਂਦੇ ਹੋ। ਇੱਥੇ ਹਥਿਆਰ ਦੀ ਗੱਲ ਨਹੀਂ। ਤੁਹਾਨੂੰ ਬੁੱਧੀਯੋਗ ਬਲ ਨਾਲ ਮਾਇਆ ਜਿੱਤ ਬਣਨਾ ਹੈ।

ਗੀਤ:- ਭੋਲੇਨਾਥ ਤੋਂ ਨਿਰਾਲਾ...

ਓਮ ਸ਼ਾਂਤੀ। ਦੇਖੋ, ਕੀ ਕਹਿੰਦੇ ਹਨ? ਭਗਤਾਂ ਦੀ ਰੱਖਿਆ ਕਰਨ ਵਾਲਾ। ਤਾਂ ਜਰੂਰ ਭਗਤ ਕੋਈ ਆਫਤ ਵਿੱਚ ਆਏ ਹੋਏ ਹਨ। ਭਗਤਾਂ ਦਾ ਰਖਵਾਲਾ। ਰੱਖਿਆ ਕਿਸਦੀ ਹੁੰਦੀ ਹੈ? ਜੋ ਆਫ਼ਤ ਵਿੱਚ ਫ਼ਸਿਆ ਹੋਇਆ ਹੈ। ਇਹਨਾਂ ਭਗਤਾਂ ਦਾ ਰਖਵਾਲਾ ਸ਼ਿਵਬਾਬਾ ਹੈ। ਭਗਤਾਂ ਨੂੰ ਭਗਤੀ ਦਾ ਫ਼ਲ ਜਰੂਰ ਮਿਲਦਾ ਹੈ। ਮਿਹਨਤ ਤਾਂ ਕਰਦੇ ਹਨ ਨਾ। ਕ਼ਾਇਦਾ ਕਹਿੰਦਾ ਹੈ ਪੁਰਸ਼ਾਰਥ ਨਾਲ ਪ੍ਰਾਲਬੱਧ ਮਿਲਦੀ ਹੈ। ਹੁਣ ਇਸ ਦੁਨੀਆਂ ਵਿੱਚ ਪੁਰਸ਼ਾਰਥ ਕਰਾਉਣ ਵਾਲੇ ਸਭ ਹਨ। ਆਸੁਰੀ ਸੰਪ੍ਰਦਾਈ। ਅਸਲ ਵਿੱਚ ਪੁਰਸ਼ਾਰਥ ਕਰਨ ਵਾਲਾ ਚਾਹੀਦਾ ਹੈ ਕੋਈ ਚੰਗਾ। ਸੱਚਾ ਪੁਰਸ਼ਾਰਥ ਸਿਰਫ਼ ਇੱਕ ਭੋਲੇਨਾਥ ਬਾਪ ਹੀ ਕਰਾਉਂਦੇ ਹਨ। ਜਿਸਮਾਨੀ ਲੌਕਿਕ ਮਾਂ, ਬਾਪ, ਟੀਚਰ ਸਭ ਹੱਦ ਦਾ ਪੁਰਸ਼ਾਰਥ ਕਰਾਉਂਦੇ ਹਨ। ਬੇਹੱਦ ਦੀ ਨਾਲੇਜ਼ ਕੋਈ ਦੇ ਨਾ ਸਕੇ। ਭਾਵੇਂ ਕੋਈ ਬੈਰਿਸਟਰ - ਜੱਜ ਬਣਨਗੇ ਫਿਰ ਦੂਸਰੇ ਜਨਮ ਵਿੱਚ ਨਵੇਂ ਸਿਰੇ ਪੁਰਸ਼ਾਰਥ ਕਰਨਾ ਪਵੇ। ਬੈਰਿਸਟਰ ਤਾਂ ਕਾਇਮ ਨਹੀਂ ਰਹਿਣਗੇ। ਪ੍ਰਾਲਬੱਧ ਤਾਂ ਕੁਝ ਬਣੀ ਨਹੀਂ। ਗੁਰੂ ਵੀ ਕਰਕੇ ਕੁਝ ਸਿਖਾਉਂਦੇ ਹਨ, ਸ਼ਾਸ਼ਤਰ ਸੁਣਾਉਂਦੇ ਹਨ ਪਰ ਉਹ ਵੀ ਅਲਪਕਾਲ ਦਾ ਸੁਖ ਮਿਲਿਆ। ਪ੍ਰਾਲਬੱਧ ਤਾਂ ਕੁਝ ਬਣੀ ਨਹੀਂ। ਫਿਰ ਦੂਸਰੇ ਜਨਮ ਵਿੱਚ ਗੁਰੂ ਕਰਨਾ ਪਵੇ। ਇਹ ਭੋਲਾਨਾਥ ਹੈ ਸਤਿਗੁਰੂ। ਸਤਿਗੁਰੂ ਹਮੇਸ਼ਾ ਸਤ ਹੀ ਬੋਲਦਾ ਹੈ। ਉਹ ਹੀ ਆਕੇ ਸਤ ਕਥਾ ਸੁਣਾਉਂਦੇ ਹਨ। ਇਹ ਹੈ ਸਤਿਗੁਰ ਦੀ ਮਤ ਜਿਸਨਾਲ ਮੁਕਤੀ - ਜੀਵਨਮੁਕਤੀ ਮਿਲਦੀ ਹੈ। ਇਹ ਹੈ ਨਰ ਨੂੰ ਨਾਰਾਇਣ ਬਣਾਉਣ ਦੀ ਮਤ। ਭੋਲੇਨਾਥ ਅਗਮ -ਨਿਗਮ ਆਦਿ -ਮੱਧ - ਅੰਤ ਦਾ ਰਾਜ਼ ਬੈਠ ਦੱਸਦੇ ਹਨ। ਹੋਰ ਕੋਈ ਮੁਕਤੀ, ਜੀਵਨਮੁਕਤੀਧਾਮ (ਸਵਰਗ) ਨੂੰ ਜਾਣਦੇ ਹੀ ਨਹੀਂ। ਮੁਕਤੀਧਾਮ ਦਾ ਮਾਲਿਕ ਹੈ ਪਰਮਪਿਤਾ ਪਰਮਾਤਮਾ, ਜੋ ਪਰਮਧਾਮ ਵਿੱਚ ਰਹਿਣ ਵਾਲਾ ਹੈ। ਹੁਣ ਬੱਚਿਆਂ ਨੂੰ ਮਤ ਮਿਲਦੀ ਹੈ। ਬਾਬਾ ਨੇ ਬਾਰ - ਬਾਰ ਸਮਝਾਇਆ ਹੈ ਕਿ ਇਹ ਬਾਪ -ਟੀਚਰ - ਗੁਰੂ ਹੈ। ਸ਼੍ਰੀਕ੍ਰਿਸ਼ਨ ਨੂੰ ਬਾਪ - ਟੀਚਰ - ਸਤਿਗੁਰੂ ਕੋਈ ਨਹੀਂ ਕਹਿਣਗੇ। ਹੁਣ ਬਾਬਾ ਜਦੋਂਕਿ ਸੱਚਾ ਰਸਤਾ ਦੱਸਦੇ ਹਨ ਤਾਂ ਫਿਰ ਝੂਠਾ ਛੱਡ ਦੇਣਾ ਚਾਹੀਦਾ ਹੈ। ਗੁਰੂ ਸ਼ੁਰੂ ਹੋਏ ਹਨ ਦ੍ਵਾਪਰ ਤੋਂ। ਸਤਿਯੁਗ - ਤ੍ਰੇਤਾ ਵਿੱਚ ਗੁਰ ਹੁੰਦੇ ਨਹੀਂ। ਮਾਤਾ ਗੁਰੂ ਨੇ ਗਿਆਨ ਅੰਮ੍ਰਿਤ ਪਿਲਾਏ ਸਵਰਗ ਬਣਾਇਆ ਫਿਰ ਉੱਥੇ ਗੁਰੂ ਦੀ ਲੋੜ ਨਹੀਂ। ਹੁਣ ਦੇਖੋ - ਤੁਸੀਂ ਬੱਚਿਆਂ ਨੂੰ ਕਿੰਨੀ ਵਧੀਆ ਮਤ ਦਿੰਦਾ ਹਾਂ। ਸਭਨੂੰ ਯੁੱਧ ਦੇ ਮੈਦਾਨ ਵਿੱਚ ਬਾਬਾ ਨੇ ਖੜਾ ਕੀਤਾ ਹੈ ਕਿ 5 ਵਿਕਾਰਾਂ ਤੇ ਜਿੱਤ ਪਾਓ ਅਤੇ ਫਿਰ ਇਵੇਂ ਸ਼੍ਰੀਕ੍ਰਿਸ਼ਨ ਸਮਾਨ ਦੇਵਤਾ ਬਣੋ। ਅਸੀਂ ਜਾਣਦੇ ਹਾਂ -ਇਹ ਸ਼੍ਰੀਕ੍ਰਿਸ਼ਨ ਮਾਇਆ ਜਿੱਤ ਬਣ ਜਗਤਜੀਤ ਮਤਲਬ ਜਗਤ ਦਾ ਪ੍ਰਿੰਸ ਬਣਿਆ। (ਸ਼੍ਰੀਕ੍ਰਿਸ਼ਨ ਦਾ ਚਿੱਤਰ ਹੱਥ ਵਿੱਚ ਲੈਕੇ ਸਮਝਾਉਣਾ) ਤੁਸੀਂ ਬੱਚੀਆਂ ਜਾਣਦੀ ਹੋ ਕਿ ਅਸੀਂ ਯੁੱਧ ਦੇ ਮੈਦਾਨ ਵਿੱਚ ਹਾਂ। ਮਾਇਆਜਿੱਤ - ਜਗਤਜਿੱਤ ਬਣਨਾ ਹੈ। ਜਿਵੇਂ ਸ਼੍ਰੀਕ੍ਰਿਸ਼ਨ ਜੋ ਫਿਰ ਸ਼੍ਰੀਨਾਰਾਇਣ ਬਣਿਆ ਫਿਰ ਉਹਨਾਂ ਦੇ ਨਾਲ ਹੋਰ ਵੀ ਸਾਰੀ ਰਾਜਧਾਨੀ ਸੀ ਤਾਂ ਉਹ ਸਭ ਜਰੂਰ ਯੁੱਧ ਦੇ ਮੈਦਾਨ ਵਿੱਚ ਹੋਣਗੇ, ਜੋ ਮਾਇਆ ਤੇ ਜਿੱਤ ਪਾਉਂਦੇ ਹੋਣਗੇ। 5 ਹਜ਼ਾਰ ਵਰ੍ਹੇ ਪਹਿਲੇ ਇਹ ਸ਼੍ਰੀਕ੍ਰਿਸ਼ਨ ਵੀ ਆਪਣੇ ਅੰਤਿਮ ਜਨਮ ਵਿੱਚ ਯੁੱਧ ਦੇ ਮੈਦਾਨ ਵਿੱਚ ਸਨ। ਉਵੇਂ ਹੁਣ ਇਹ ਵੀ ਯੁੱਧ ਦੇ ਮੈਦਾਨ ਵਿੱਚ ਹਨ। ਤੁਸੀਂ ਵੀ ਯੁੱਧ ਦੇ ਮੈਦਾਨ ਵਿੱਚ ਹੋ। 5 ਵਿਕਾਰਾਂ ਤੇ ਜਿੱਤ ਪਾਕੇ ਤੁਹਾਨੂੰ ਇਹ ਬਣਨਾ ਹੈ। ਇਸਨੂੰ ਕਿਹਾ ਜਾਂਦਾ ਹੈ ਨਾਰਾਇਣੀ ਨਸ਼ਾ। ਮਾਇਆਜਿੱਤ - ਜਗਤਜਿੱਤ ਬਣਨਾ ਹੈ। ਕਿੰਨੀ ਸਹਿਜ ਗੱਲ ਹੈ। ਸਿਰਫ਼ ਇੱਕ ਦ੍ਰੋਪਦੀ ਤਾਂ ਨਹੀਂ ਸੀ। ਸਭ ਮਾਤਾਵਾਂ ਦ੍ਰੋਪਦੀਆਂ ਹਨ। ਸਭਨੂੰ ਸਤਿਯੁਗ ਵਿੱਚ ਨਗਨ ਹੋਣ ਤੋਂ ਬਚਾਉਂਦੇ ਹਨ। ਉੱਥੇ ਕੋਈ ਵਿਕਾਰ ਵਿੱਚ ਨਹੀਂ ਜਾਂਦੇ। ਕਹਿਣਗੇ - ਭਲਾ ਉਦੋਂ ਬੱਚੇ ਕਿਵੇਂ ਪੈਦਾ ਹੋਣਗੇ? ਅਰੇ, ਉਹ ਤਾਂ ਪਵਿੱਤਰ ਦੁਨੀਆਂ ਹੈ। ਤੁਸੀਂ ਸੰਨਿਆਸੀ ਲੋਕ ਘਰਬਾਰ ਛੱਡਦੇ ਹੋ ਤਾਂ ਫਿਰ ਦੁਨੀਆਂ ਖ਼ਤਮ ਹੋ ਜਾਂਦੀ ਹੈ ਕੀ? ਦੁਨੀਆਂ ਤੇ ਵਧਦੀ ਰਹਿੰਦੀ ਹੈ। ਸੰਨਿਆਸੀ ਜਾਣਦੇ ਹਨ ਪਵਿੱਤਰਤਾ ਚੰਗੀ ਹੈ। ਵਿਕਾਰਾਂ ਦਾ ਸੰਨਿਆਸ ਤੇ ਚੰਗਾ ਹੈ। ਸੰਨਿਆਸ ਕਰਨ ਵਾਲਿਆਂ ਨੂੰ ਸੰਨਿਆਸ ਨਾ ਕਰਨ ਵਾਲੇ ਮੱਥਾ ਟੇਕ ਗੁਰੂ ਬਣਾਉਂਦੇ ਹਨ। ਉਸ ਸੱਚੇ ਸਤਿਗੁਰੂ ਦਵਾਰਾ ਇਹ ਮਾਤਾਵਾਂ ਗੁਰੂ ਬਣਦੀਆਂ ਹਨ, ਜਿਨ੍ਹਾਂ ਦੀ ਹੀ ਵਿਜੇ ਮਾਲਾ ਬਣੀ ਹੋਈ ਹੈ। ਬਾਬਾ ਕਹਿੰਦੇ ਹਨ - ਬੱਚੇ, ਤੁਸੀਂ ਪੜ੍ਹਕੇ ਪਦਵੀ ਪਾਓ। ਹੁਣ ਬਾਪ ਨੇ ਯੁੱਧ ਦੇ ਮੈਦਾਨ ਵਿੱਚ ਖੜਾ ਕੀਤਾ ਹੈ - ਸ਼੍ਰੀਕ੍ਰਿਸ਼ਨ ਵਰਗਾ ਬਨਾਉਣ ਲਈ। ਉਹਨਾਂ ਦੀ ਸਾਰੀ ਰਾਜਧਾਨੀ ਹੈ। ਪ੍ਰਿੰਸ - ਪ੍ਰਿੰਸੇਸ ਤਾਂ ਹੋਣਗੇ ਨਾ। ਹੁਣ ਤਾਂ ਨਾ ਰਾਜਾ - ਮਹਾਰਾਜਾ ਕਹਾ ਸਕਦੇ, ਨਾ ਪ੍ਰਿੰਸ - ਪ੍ਰਿੰਸੇਸ। ਹੁਣ ਤੁਹਾਨੂੰ ਬਾਪ ਦੀ ਦੈਵੀ ਮਤ ਮਿਲਦੀ ਹੈ। ਹੁਣ ਮਾਤਾਵਾਂ ਨੂੰ ਗਿਆਨ ਕਲਸ਼ ਮਿਲਿਆ ਹੈ। ਇਹ ਬੱਚੀਆਂ ਅੰਮ੍ਰਿਤ ਪਿਆ ਕੇ ਅਸੁਰਾਂ ਨੂੰ ਦੇਵਤਾ ਬਣਾਉਂਦੀਆਂ ਹਨ। ਦੇਵਤੇ ਪੁਰਾਣੀ ਦੁਨੀਆਂ ਤੇ ਥੋੜੀ ਹੀ ਰਾਜ ਕਰਨਗੇ। ਨਵੀਂ ਦੁਨੀਆਂ ਵੀ ਬਣ ਰਹੀ ਹੈ। ਤਾਂ ਬੱਚੇ, ਹੁਣ ਜਲਦੀ -

ਜਦਲੀ ਕਰੋ। ਇੱਕ ਤੇ ਹੈ ਵਿਕਾਰਾਂ ਦਾ ਬੰਧੰਨ, ਦੂਸਰਾ ਹੈ ਫਿਰ ਕਰਮਬੰਧੰਨ। ਉਸਤੋਂ ਛੁੱਟਣ ਲਈ ਸ਼੍ਰੀਮਤ ਤੇ ਚੱਲਣਾ ਪਵੇ। ਬਾਬਾ ਕਹਿੰਦੇ ਹਨ - ਮੈਨੂੰ ਯਾñਦ ਕਰ ਅਸ਼ੀਰੀਰੀ ਬਣੋ। ਇਵੇਂ ਨਹੀਂ ਕਿ ਆਤਮਾ ਪਰਮਾਤਮਾ ਵਿੱਚ ਮਿਲ ਇੱਕ ਹੋ ਜਾਂਦੀ ਹੈ। ਨਾ ਕੋਈ ਜਯੋਤੀ ਜੋਤ ਸਮਾਇਆ ਹੈ, ਨਾ ਸਮਾਉਣੇ ਹੀ ਹਨ। ਆਤਮਾ ਸਮਾ ਜਾਏ ਤਾਂ ਜੜ੍ਹ ਹੋ ਜਾਏ। ਆਤਮਾ ਤੇ ਅਵਿਨਾਸ਼ੀ ਹੈ। ਸ਼ਰੀਰ ਨੂੰ ਵਿਨਾਸ਼ੀ ਕਿਹਾ ਜਾਂਦਾ ਹੈ। ਆਤਮਾ ਮੇਰੇ ਨਾਲ ਯੋਗ ਲਗਾਕੇ ਪਵਿੱਤਰ ਬਣਦੀ ਹੈ। ਫਿਰ ਸ਼ਰੀਰ ਵੀ ਪਵਿੱਤਰ ਮਿਲੇਗਾ। ਆਤਮਾ ਪਵਿੱਤਰ ਹੋ ਜਾਏਗੀ ਫਿਰ ਇਹ ਸ਼ਰੀਰ ਖ਼ਲਾਸ ਹੋ ਜਾਏਗਾ। ਫਿਰ ਪਵਿੱਤਰ ਤਤਵਾਂ ਨਾਲ ਸ਼ਰੀਰ ਬਣਨਗੇ। ਇਹ ਸ਼ਰੀਰ ਪੂਜਨ ਲਾਇਕ ਨਹੀਂ ਬਣਦੇ। ਪੂਜਯ ਤੇ ਸਿਰਫ਼ ਦੇਵਤੇ ਹੀ ਹਨ। ਉਹਨਾਂ ਨੂੰ ਫੁੱਲ ਚੜਾ ਸਕਦੇ ਹਾਂ। ਉਹਨਾਂ ਨੂੰ ਸ਼੍ਰੀ ਸ਼੍ਰੀ ਮਤਲਬ ਸ਼੍ਰੇਸ਼ਠ ਤੇ ਸ਼੍ਰੇਸ਼ਠ ਕਿਹਾ ਜਾਂਦਾ ਹੈ। ਸ਼੍ਰੀ ਸ਼੍ਰੀ ਦੋ ਵਾਰ ਕਿਉਂ ਕਹਿੰਦੇ ਹਨ? ਕਿਉਂਕਿ ਸੂਰਜਵੰਸ਼ੀ ਲਕਸ਼ਮੀ - ਨਾਰਾਇਣ ਹਨ ਉੱਚ ਤੇ ਉੱਚ, ਉਹਨਾਂ ਦੀ ਆਤਮਾ ਅਤੇ ਸ਼ਰੀਰ ਦੋਨੋਂ ਪਵਿੱਤਰ ਹਨ। ਉਹਨਾਂ ਨੂੰ 16 ਕਲਾ ਸੰਪੂਰਨ ਕਹਾਂਗੇ। ਚੰਦਰਵੰਸ਼ੀ ਹਨ 14 ਕਲਾ ਤਾਂ ਚੰਦਰਵੰਸ਼ੀ ਨੂੰ ਸਿਰਫ਼ ਸ਼੍ਰੀ ਕਹਾਂਗੇ। ਲਕਸ਼ਮੀ - ਨਰਾਇਣ ਨੂੰ ਉੱਚ ਟਾਈਟਲ ਮਿਲਦਾ ਹੈ - ਸ਼੍ਰੀ ਸ਼੍ਰੀ ਲਕਸ਼ਮੀ, ਸ਼੍ਰੀ ਸ਼੍ਰੀ ਨਾਰਾਇਣ। ਉਹ ਹਨ ਮਹਾਰਾਜਾ - ਮਹਾਰਾਣੀ ਅਤੇ ਰਾਮ - ਸੀਤਾ ਹਨ ਰਾਜਾ - ਰਾਣੀ। ਨੰਬਰਵਾਰ ਜੋ ਜਿਵੇਂ ਬਣਦਾ ਹੈ ਉਹਨਾਂ ਨੂੰ ਉਵੇਂ ਟਾਈਟਲ ਮਿਲਦਾ ਹੈ। ਇੱਥੇ ਵੀ ਮਹਾਰਾਜੇ ਅਤੇ ਰਾਜੇ ਹਨ। ਵੱਡੇ ਨੂੰ ਮਹਾਰਾਜਾ ਕਿਹਾ ਜਾਂਦਾ ਹੈ। ਰਾਜੇ ਮਹਾਰਾਜਿਆਂ ਦੇ ਅੱਗੇ ਸਿਰ ਝੁਕਾਉਣਗੇ। ਮਹਾਰਾਜਾ ਪਹਿਲੇ ਹਨ। ਰਾਜੇ ਪਿੱਛੇ ਹਨ। ਤਾਂ ਹੁਣ ਸ਼੍ਰੀਮਤ ਤੇ ਚੱਲਣਾ ਹੈ। ਸ਼੍ਰੀ ਸ਼੍ਰੀ ਜਗਤ ਗੁਰੂ। ਰੁਦ੍ਰ ਮਾਲਾ ਹੈ ਨਾ। ਜਗਤ ਦਾ ਮਲਿਕ ਵੀ ਉਹ ਹੈ। ਟੀਚਰ ਵੀ ਉਹ ਹੈ ਤਾਂ ਗੁਰੂ ਵੀ ਉਹ ਹੈ। ਅਜਿਹੇ ਬਾਪ ਨੂੰ ਯਾਦ ਕਰਨਾ ਪਵੇ। ਕਹਿੰਦੇ ਹਨ - ਬੰਧੰਨ ਹੈ ਕੋਈ ਛੁਡਾਏ। (ਤੋਤੇ ਦਾ ਮਿਸਾਲ) ਅਰੇ, ਭਗਵਾਨ ਕਹਿੰਦੇ ਹਨ ਹੁਣ ਮੈਂ ਤੁਹਾਨੂੰ ਲੈਣ ਆਇਆ ਹਾਂ, ਤੁਸੀਂ ਸਿਰਫ਼ ਉਂਗਲੀ ਫੜੋ। ਉਹ ਜੋ ਕਹੇ ਸੋ ਕਰੋ, ਪਵਿੱਤਰ ਤੇ ਜਰੂਰ ਬਣਨਾ ਪਾਵੇ। ਇਸ ਕਬਰਿਸਤਾਨ ਨੂੰ ਕੀ ਯਾਦ ਕਰਨਾ ਹੈ। ਰਹਿਣਾ ਭਾਵੇਂ ਇੱਥੇ ਹੈ ਪਰ ਸਿਰਫ਼ ਬੁੱਧੀਯੋਗ ਉੱਥੇ ਲਗਾਉਣਾ ਹੈ। ਇਸਨੂੰ ਕਿਹਾ ਜਾਂਦਾ ਹੈ ਸ਼ਾਂਤੀਧਾਮ, ਸੁਖਧਾਮ ਨੂੰ ਯਾਦ ਕਰਨਾ। ਨਸ਼ਟੋਮੋਹਾ ਵੀ ਬਣਨਾ ਹੈ। ਉਹ ਹੈ ਪਤੀਆਂ ਦਾ ਪਤੀ, ਬਾਪਾਂ ਦਾ ਬਾਪ, ਗੁਰੂਆਂ ਦਾ ਗੁਰੂ। ਤਾਂ ਇਵੇਂ (ਸ਼੍ਰੀਕ੍ਰਿਸ਼ਨ) ਬਣਨ ਦੇ ਲਈ ਮਿਹਨਤ ਕਰਨੀ ਪਵੇ। ਕਲਪ ਪਹਿਲੇ ਵੀ ਪੁਰਸ਼ਾਰਥ ਕੀਤਾ ਸੀ ਅਤੇ ਸਤਿਯੁਗ ਦੀ ਰਾਜਧਾਨੀ ਸਥਾਪਨ ਹੋਈ ਸੀ। ਫਿਰ ਹੋ ਰਹੀ ਹੈ। ਇਸ ਵਿੱਚ ਪਵਿੱਤਰ ਰਹਿਣਾ ਹੈ। ਪਤੀ ਜੋ ਸੇਵਾ ਕਹੇ ਉਹ ਤੁਸੀਂ ਕਰੋ ਬਾਕੀ ਸਿਰਫ਼ ਪਵਿੱਤਰ ਰਹਿਣਾ ਹੈ। ਪਵਿੱਤਰ ਨਹੀਂ ਬਣੋਗੇ ਤਾਂ ਬੈਕੁੰਠ ਦਾ ਮਾਲਿਕ ਨਹੀਂ ਬਣੋਂਗੇ। ਹੁਣ ਬਾਪ ਆਕੇ ਤੁਹਾਨੂੰ ਬੱਚਿਆਂ ਨੂੰ ਸਵਰਗਵਾਸੀ ਬਣਾਉਂਦੇ ਹਨ। ਪਤਿਤਾਂ ਨੂੰ ਪਾਵਨ ਬਣਾਉਣ ਵਾਲਾ ਵੀ ਉਹ ਹੈ। ਜਗਤ ਦਾ ਮਾਲਿਕ ਵੀ ਉਹ ਹੈ।

ਹੁਣ ਤੁਸੀਂ ਬੱਚੀਆਂ ਗਿਆਨ ਧਨ ਨਾਲ ਮਨੁੱਖਾਂ ਨੂੰ ਦੇਵਤਾ ਬਣਾਓ। ਇਹ ਤਾਂ ਨਾਲੇਜ਼ ਹੈ। ਬੁੱਧੀ ਵਿੱਚ ਕਿੰਨੀ ਰੋਸ਼ਨੀ ਆ ਗਈ ਹੈ। ਹੋਰ ਕਿਸੇ ਨੂੰ ਇਹ ਨਾਲੇਜ਼ ਨਹੀਂ ਹੈ। ਸਭ ਦਰ - ਦਰ ਧੱਕੇ ਖਾਂਦੇ ਰਹਿੰਦੇ ਹਨ। ਇੱਥੇ ਸਾਨੂੰ ਬਾਬਾ ਨੇ ਕਿੰਨਾਂ ਸਾਈਲੇਂਸ ਵਿੱਚ ਬਿਠਾ ਦਿੱਤਾ ਹੈ। ਬਾਬਾ ਕਹਿੰਦੇ - ਮਰਨ ਲਾਇਕ ਹੋ ਤਾਂ ਵੀ ਬੈਠ ਕੇ ਸੁਣੋ। ਗਿਆਨ ਅੰਮ੍ਰਿਤ ਮੂੰਹ ਵਿੱਚ ਹੋਵੇ, ਸ਼ਿਵਬਾਬਾ ਦੀ ਯਾਦ ਹੋਵੇ ਤਾਂ ਹੀ ਪ੍ਰਾਣ ਤਨ ਤੋਂ ਨਿਕਲਣ। ਫਿਰ ਅੰਤ ਮਤ ਸੋ ਗਤੀ ਹੋ ਜਾਏਗੀ। ਨਹੀਂ ਤਾਂ ਨਾ ਵਿਕਰਮ ਵਿਨਾਸ਼ ਹੋਣਗੇ, ਨਾ ਮੋਹ ਜਿੱਤ ਬਣੋਗੇ। ਮੁਫ਼ਤ ਭਗਤੀ ਦਾ ਫ਼ਲ ਗਵਾਂ ਦਵੋਗੇ। ਸਭ ਭਗਤ ਹਨ ਨਾ, ਮਾਇਆ ਦੇ ਬੰਧੰਨ ਵਿੱਚ ਫ਼ਸੇ ਹੋਏ ਹਨ। ਰਖਵਾਲਾ ਹੈ ਭੋਲਾਨਾਥ ਸ਼ਿਵ। ਰਕਸ਼ਾ ਕਰਨ ਆਏ ਹਨ ਉਹਨਾਂ ਦੀ ਰਾਏ ਤੇ ਚੱਲਣਾ ਹੈ। ਸ਼੍ਰੀਕ੍ਰਿਸ਼ਨ ਦੇ ਕੁਲ ਵਿੱਚ ਜਾਣਾ ਹੈ। ਸ਼੍ਰੀਕ੍ਰਿਸ਼ਨ ਹੈ ਫੁੱਲ ਪਾਸ, ਸੰਪੂਰਨ ਚੰਦਰਮਾਂ। ਜਦੋ ਚੰਦਰਵੰਸ਼ੀਆ ਦਾ ਸਮੇਂ ਆਉਂਦਾ ਹੈ ਤਾਂ ਉਹ ਆਪਣਾ ਰਾਜ ਲੈ ਲੈਂਦੇ ਹਨ। ਤਾਂ ਨਾਪਾਸ ਕਿਉਂ ਹੋਣਾ ਚਾਹੀਦਾ ਹੈ? ਫੁੱਲ ਪਾਸ ਹੋਣਾ ਹੈ ਤਾਂ ਪੁਰਸ਼ਾਰਥ ਕਰੋ। ਡਰਨ ਦਾ ਕੰਮ ਨਹੀਂ। ਨਿਰਭੈ - ਨਿਰਵੈਰ ਬਣਨਾ ਹੈ। ਸਮਝਾਉਣਾ ਤੇ ਪਵੇਗਾ ਨਾ। ਜੋ ਕਹਿੰਦੇ ਹਨ ਭਗਵਾਨ ਸਰਵਵਿਆਪੀ ਹੈ ਉਹਨਾਂ ਨੇ ਹੀ ਭਾਰਤ ਨੂੰ ਅਜਿਹੀ ਦੁਰਦਸ਼ਾ ਵਿੱਚ ਲਿਆਂਦਾ ਹੈ। ਭਗਵਾਨ ਤਾਂ ਇੱਕ ਹੀ ਭੋਲਾਨਾਥ ਹੈ, ਜੋ ਸਭ ਭਗਤਾਂ ਦਾ ਰਖਵਾਲਾ ਹੈ। ਸ਼੍ਰੀਕ੍ਰਿਸ਼ਨ ਦੀ ਆਤਮਾ ਹੁਣ ਇੱਥੇ ਹੈ। ਹੁਣ ਕੁਝ ਸਮਝੋਂ, ਬਹੁਤ ਵੱਡੀ ਲਾਟਰੀ ਹੈ। ਘੁੜ ਦੌੜ ਹੈ। ਸਾਨੂੰ ਦੌੜਨਾ ਹੈ ਬੁੱਧੀਯੋਗ ਨਾਲ। ਜਿਨ੍ਹਾਂ ਅਸੀਂ ਦੋੜਾਗੇ ਓਨਾ ਜਲਦੀ ਬਾਬਾ ਦੇ ਕੋਲ ਪਹੁੰਚਾਂਗੇ। ਵਿਕਰਮ ਵਿਨਾਸ਼ ਹੋਣਗੇ। ਬਾਬਾ ਨੇ ਬਾਰ - ਬਾਰ ਸਮਝਾਇਆ ਹੈ - ਅਸੀਂ ਯੁੱਧ ਦੇ ਮੈਦਾਨ ਵਿੱਚ ਖੜੇ ਹਾਂ। ਮਨੁੱਖ ਕਹਿਣਗੇ ਹਥਿਆਰ ਆਦਿ ਕਿੱਥੇ ਹਨ - ਜੋ ਸਾਰੀ ਸ੍ਰਿਸਟੀ ਤੇ ਵਿਜੇ ਪਾਓਗੇ? (ਬਾਬਾ ਨੇ ਐਕਟ ਕਰ ਦਿਖਾਈ) ਅਸੀਂ ਬੁੱਧੀਯੋਗ ਬਲ ਨਾਲ ਮਾਇਆਜੀਤ - ਜਗਤਜੀਤ ਬਣ ਰਹੇ ਹਾਂ। ਅਸੀਂ ਨੇਸ਼ਟਾ ਵਿੱਚ ਬੈਠੇ ਹਾਂ ਮਤਲਬ ਸ਼ਿਵਬਾਬਾ ਦੀ ਯਾਦ ਵਿੱਚ ਹਾਂ। ਬੁੱਧੀ ਉੱਥੇ ਲਟਕੀ ਹੋਈ ਹੈ। ਪਤੀਆਂ ਦੇ ਪਤੀ ਨੇ ਕਿਹਾ ਹੈ - ਪਤੀਵਰਤਾ ਬਣਨਾ, ਹੋਰ ਕਿਸੇ ਨੂੰ ਯਾਦ ਨਹੀਂ ਕਰਨਾ। ਯੋਗ ਲਗਾਉਂਦੇ - ਲਗਾਉਂਦੇ ਪਰਿਪੱਕਵ ਅਵਸਥਾ ਨੂੰ ਪਾਉਣਾ ਹੈ। ਕੰਨਿਆਂ ਵੀ ਪਤੀ ਨੂੰ ਯਾਦ ਕਰਦੀ ਹੈ ਨਾ। ਉਹ ਤਾਂ ਹਨ ਦੇਹਧਾਰੀ। ਪਰਮਾਤਮਾ ਤਾਂ ਅਸ਼ਰੀਰੀ ਹੈ, ਉਹਨਾਂ ਨੂੰ ਬੁੱਧੀ ਨਾਲ ਹੀ ਯਾਦ ਕਰ ਸਕਦੇ ਹਾਂ। ਦੇਹ - ਅਭਿਮਾਨ ਤੋੜ੍ਹ ਦੇਹੀ - ਅਭਿਮਾਨੀ ਬਣ ਜਾਣਗੇ। ਬੁੱਧੀ ਵਿੱਚ ਚੱਕਰ ਤੇ ਫ਼ਿਰਦਾ ਰਹਿੰਦਾ ਹੈ। ਅਸੀਂ ਆਪਣੇ ਸਵਰਗਧਾਮ ਜਰੂਰ ਪਧਾਰਾਂਗੇ। ਸੂਰਜਵੰਸ਼ੀ, ਚੰਦਰਵੰਸ਼ੀ ਫਿਰ ਵੇਸ਼, ਸ਼ੂਦ੍ਰ ਵੰਸ਼ੀ ਬਣਨਗੇ। ਫਿਰ ਬਾਬਾ ਆਕੇ ਸ਼ੂਦ੍ਰ ਤੋਂ ਬ੍ਰਾਹਮਣ ਬਣਾਉਣਗੇ। ਇਵੇਂ - ਇਵੇਂ ਆਪਣੇ ਨਾਲ ਗੱਲ ਕਰਨੀ ਹੈ। ਬੱਚੇ ਲੋਕ ਬਗੀਚੇ ਵਿੱਚ ਜਾਕੇ ਪੜ੍ਹਦੇ ਹਨ। ਤੁਸੀਂ ਵੀ ਏਕਾਂਤ ਵਿੱਚ ਬੈਠ ਸ਼ਿਵਬਾਬਾ ਨੂੰ ਯਾਦ ਕਰੋ। ਸਾਡਾ ਪੁਰਾਣਾ ਹਿਸਾਬ -ਕਿਤਾਬ ਚੁਕਤੂ ਹੋਵੇਗਾ ਫਿਰ ਅਸੀਂ ਰਾਜ ਕਰਾਂਗੇ। ਹੁਣ ਅਸੀਂ ਯੁੱਧ ਦੇ ਮੈਦਾਨ ਵਿੱਚ ਹਾਂ। ਫਿਰ ਅਸੀਂ ਭਾਰਤ ਤੇ ਅਟਲ - ਅਖੰਡ, ਸੁਖ ਸ਼ਾਂਤੀ ਦਾ ਰਾਜ ਕਰਾਂਗੇ। ਵੀ ਆਰ ਐਟ ਵਾਰ ...ਅਸੀਂ ਸਭ ਲੜਾਈ ਦੇ ਮੈਦਾਨ ਵਿੱਚ ਹਾਂ। ਇਹ ਹੈ ਸਾਰੀ ਯੋਗਬਲ ਦੀ ਗੱਲ। ਇਸ ਵਿੱਚ ਤਕਲੀਫ਼ ਤਾਂ ਕੋਈ ਨਹੀਂ। ਸਿਰਫ਼ ਬਾਬਾ ਦੀ ਸ਼੍ਰੀਮਤ ਤੇ ਚਲਣਾ ਹੈ। ਫਿਰ ਆਟੋਮੈਟਿਕਲੀ ਰਾਜਾਈ ਦਾ ਤਿਲਕ ਲਗ ਜਾਏਗਾ। ਵਰਦਾਨ ਮਿਲ ਜਾਂਦਾ ਹੈ - ਆਯੂਸ਼ਮਾਨ ਭਵ, ਪੁੱਤਰਵਾਨ ਭਵ। ਉੱਥੇ ਧਨ ਆਦਿ ਸਭ ਅਕੀਚਾਰ ਰਹਿੰਦਾ ਹੈ। ਪਹਿਲੇ ਤੋਂ ਸਾਕਸ਼ਾਤਕਾਰ ਹੁੰਦਾ ਹੈ ਕਿ ਬੱਚਾ ਆਉਣ ਵਾਲਾ ਹੈ। ਉੱਥੇ ਮੁਖ ਦਾ ਪਿਆਰ ਹੁੰਦਾ ਹੈ। ਵਿਕਾਰ ਦੀ ਗੱਲ ਹੀ ਨਹੀਂ ਹੈ। ਉਹ

ਤਾਂ ਹੈ ਹੀ ਨਿਰਵਿਕਾਰੀ ਦੁਨੀਆਂ। ਸ਼੍ਰੀਕ੍ਰਿਸ਼ਨ ਨੂੰ ਦੇਖੋ - ਕਿੰਨਾ ਫਸਟਕਾਲਸ ਮਿੱਠਾ ਹੈ! ਹੁਣ ਇਵੇਂ ਬਣਨਾ ਹੈ। ਤੁਹਾਨੂੰ ਤੇ ਪਟਰਾਣੀ ਬਣਨਾ ਹੈ, ਮੀਰਾ ਤੇ ਸਿਰਫ਼ ਭਜਨ ਗਾਉਂਦੀ ਸੀ ਉਹਨਾਂ ਨੂੰ ਭਗਵਾਨ ਥੋੜੀਹੀ ਮਿਲਿਆ, ਉਹ ਤਾਂ ਹੈ ਹੀ ਭਗਤੀ ਮਾਰਗ। ਮੀਰਾ ਵੀ ਹੁਣ ਕਿੱਥੇ ਨਾ ਕਿੱਥੇ ਹੈ। ਉਸਨੇ ਵੀ ਗਿਆਨ ਲਿਆ ਹੋਵੇਗਾ, ਜੇਕਰ ਪੱਕੀ ਭਗਤਿਨ ਹੋਵੇਗੀ। ਅਸੀਂ ਵੀ ਦਵਾਪਰ ਤੋਂ ਭਗਤੀ ਕਰਦੇ ਆਏ ਹਾਂ ਨਾ। ਬੁੱਧੀ ਨਾਲ ਸਮਝਣਾ ਹੈ - ਸ਼ਿਵਬਾਬਾ ਮੈਂ ਤੁਹਾਡੀ ਹਾਂ। ਤੁਹਾਡੇ ਕੋਲੋਂ ਪੂਰਾ ਵਰਸਾ ਲਵਾਂਗੀ। ਮੈਂ ਤੁਹਾਡੇ ਤੇ ਬਲਿਹਾਰ ਜਾਂਦੀ ਹਾਂ। ਤਾਂ ਬਾਬਾ ਵੀ 21 ਵਾਰ ਬਲਿਹਾਰ ਜਾਏਗਾ। ਜੇਕਰ ਨਹੀਂ ਜਾਓਗੇ, ਸੌਤੇਲੇ ਬਣੋਗੇ ਤਾਂ 21 ਵਾਰ ਪ੍ਰਜਾ ਵਿੱਚ ਆਓਗੇ। ਬਾਬਾ ਕਹਿੰਦੇ ਹਨ - ਤੁਸੀਂ ਮੇਰੇ ਨੂੰ ਯਾਦ ਕਰੋ ਤਾਂ ਮੈਂ ਮਦਦ ਵੀ ਕਰਾਂਗਾ। ਮਦਦ ਤਾਂ ਜਰੂਰ ਆਪਣੇ ਬੱਚਿਆਂ ਨੂੰ ਹੀ ਕਰਨਗੇ, ਦੂਸਰੇ ਨੂੰ ਕਿਉਂ ਕਰਨਗੇ! ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਮਾਇਆ ਤੇ ਜਿੱਤ ਪਾਕੇ ਸਾਨੂੰ ਸ਼੍ਰੀਕ੍ਰਿਸ਼ਨ ਸਮਾਨ ਜਗਤਜੀਤ ਬਣਨਾ ਹੈ। ਇਸ ਯੁੱਧ ਦੇ ਮੈਦਾਨ ਵਿੱਚ ਸਦਾ ਵਿਜੇਈ ਬਣਨਾ ਹੈ। ਹਾਰ ਨਹੀਂ ਖਾਣੀ ਹੈ।

**2.** ਸ਼੍ਰੀਮਤ ਤੇ ਖੁਦ ਨੂੰ ਵਿਕਾਰਾਂ ਦੇ ਬੰਧੰਨ ਅਤੇ ਕਰਮਬੰਧੰਨ ਤੋਂ ਮੁਕਤ ਕਰਨਾ ਹੈ। ਅਸ਼ਰੀਰੀ ਬਣਨ ਦਾ ਅਭਿਆਸ ਕਰਨਾ ਹੈ। ਬੁੱਧੀਯੋਗ ਦੀ ਦੌੜੀ ਲਗਾਉਣੀ ਹੈ।

ਵਰਦਾਨ:- ਚੇਹਰੇ ਦਵਾਰਾ ਸੰਪੰਨ ਸਥਿਤੀ ਦੀ ਝੱਲਕ ਅਤੇ ਫਲਕ ਦਿਖਾਉਣ ਵਾਲੇ ਸਰਵ ਪ੍ਰਾਪਤੀ ਸਵਰੂਪ ਭਵ

ਸੰਗਮਯੁਗ ਦੇ ਬ੍ਰਾਹਮਣ ਜੀਵਨ ਦੀ ਵਿਸ਼ੇਸ਼ਤਾ ਹੈ - ਸਦਾ ਸੁਖ - ਸ਼ਾਂਤੀ ਦੇ, ਖੁਸ਼ੀ ਦੇ, ਗਿਆਨ ਦੇ, ਆਨੰਦ ਦੇ ਝੂਲੇ ਵਿੱਚ ਝੂਲਣਾ। ਸਰਵ ਪ੍ਰਾਪਤੀਆਂ ਸਵਰੂਪ ਦੇ ਅਵਿਨਾਸ਼ੀ ਨਸ਼ੇ ਵਿੱਚ ਸਥਿਤ ਰਹਿਣਾ। ਚੇਹਰੇ ਤੇ ਪ੍ਰਾਪਤੀ ਹੀ ਪ੍ਰਾਪਤੀ ਹੈ, ਉਸ ਸੰਪੰਨ ਸਥਿਤੀ ਦੀ ਝਲਕ ਅਤੇ ਫ਼ਲਕ ਵਿਖਾਈ ਦੇਵੇ। ਜਿਵੇਂ ਸਥੂਲ ਧਨ ਨਾਲ ਸੰਪੰਨ ਰਾਜਾਵਾਂ ਦੇ ਚੇਹਰੇ ਤੇ ਵੀ ਉਹ ਚਮਕ ਸੀ, ਇੱਥੇ ਤੇ ਅਵਿਨਾਸ਼ੀ ਪ੍ਰਾਪਤੀ ਹੈ, ਤਾਂ ਪ੍ਰਾਪਤੀਆਂ ਦੀ ਰੂਹਾਨੀ ਝਲਕ ਅਤੇ ਫ਼ਲਕ ਚੇਹਰੇ ਤੋਂ ਦਿਖਾਈ ਦੇਵੇ।

ਸਲੋਗਨ:- ਖੁਸ਼ਨਸੀਬ ਉਹ ਹਨ ਜੋ ਸਦਾ ਖੁਸ਼ ਰਹਿਕੇ ਖੁਸ਼ੀ ਦਾ ਖਜ਼ਾਨਾ ਵੰਡਦਾ ਰਹੇ।

******